27_Nov_Jalandhar_Dehati_7_8.qxd 11/28/2025 12:41 AM Page 1







## ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਕਾਨਫ਼ਰੰਸ 30 ਨੂੰ

ਜੰਡਿਆਲਾ ਮੰਜਕੀ, 27 ਨਵੰਬਰ (ਸੁਰਜੀਤ ਸਿੰਘ ਜੰਡਿਆਲਾ)-ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਜਥੇਬੰਦਕ ਕਾਨਫਰੰਸ 30 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕਰਵਾਈ ਜਾ ਰਹੀ ਹੈ। ਇਸ ਦੀਆਂ ਤਿਆਰੀਆਂ ਸਾਰੇ ਪੰਜਾਬ ਅੰਦਰ ਚੱਲ ਰਹੀਆਂ ਹਨ। ਜਥੇਬੰਦੀ ਦੀ ਸੂਬਾਈ ਚੋਣ 'ਚ ਪੰਜਾਬ ਤੋਂ ਤਿੰਨ ਸੌ ਦੇ ਕਰੀਬ ਡੈਲੀਗੇਟ ਭਾਗ ਲੈਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੀ ਸੂਬਾ ਪ੍ਰਧਾਨ ਬਿਮਲਾ ਦੇਵੀ ,ਜਨਰਲ ਸਕੱਤਰ ਕਮਲਜੀਤ ਕੌਰ ਅਤੇ ਕੈਸ਼ੀਅਰ ਪਰਵੀਨ ਬਾਲਾ ਨੇ ਦੱਸਿਆ ਕਿ ਇਸ ਕਾਨਫਰੰਸ 'ਚ ਜਥੇਬੰਦੀ ਦਾ ਪਿਛਲੇ ਸਮੇਂ ਦੌਰਾਨ ਕੀਤੇ ਗਏ ਸੰਘਰਸ਼ਾਂ ਦਾ ਲੇਖਾ ਜੋਖਾ ਕੀਤਾ ਜਾਵੇਗਾ ਅਤੇ ਨਵੀਂ ਸੂਬਾ ਕਮੇਟੀ ਦੀ ਚੋਣ ਵੀ ਕੀਤੀ ਜਾਵੇਗੀ।

## ਗੁਰਦੁਆਰਾ ਸਿੰਘ ਸਭਾ ਲੋਹੀਆਂ ਵਿਖੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦੀਵਾਨ ਸਜਾਏ

### ਸੰਗਤਾਂ ਨੂੰ ਭੇਟ ਕੀਤੇ ਜਾਣਗੇ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ' ਦੇ ਸਲੋਕਾਂ ਵਾਲੇ ਗੁਟਕਾ ਸਾਹਿਬ

ਲੋਹੀਆਂ ਖਾਸ, 27 ਨਵੰਬਰ (ਗੁਰਪਾਲ ਸਿੰਘ ਸ਼ਤਾਬਗੜ੍ਹ, ਕੁਲਦੀਪ ਸਿੰਘ ਖਾਲਸਾ)-ਗੁਰਦੁਆਰਾ ਸਿੰਘ ਸਭਾ ਲੋਹੀਆਂ ਖਾਸ ਵਿਖੇ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਦੀਵਾਨ ਸਜਾਏ ਗਏ।

ਇਸ ਮੌਕੇ ਗੁਰੂ ਘਰ ਦੇ ਹੈੱਡ ਗ੍ਰੰਥੀ ਅਤੇ ਪ੍ਰਸਿੱਧ ਕੀਰਤਨੀਏ ਭਾਈ ਅੰਮ੍ਰਿਤਪਾਲ ਸਿੰਘ ਦੇ ਜਥੇ ਵਲੋਂ ਕੀਰਤਨ ਤੇ ਕਥਾ ਪ੍ਰਵਾਹ ਰਾਹੀਂ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ ਗਿਆ। ਇਸ ਸਮਾਗਮ ਦੌਰਾਨ ਜਿੱਥੇ ਸ਼ਹਿਰ ਦੀਆਂ ਹੋਰ ਸੰਗਤਾਂ ਹਾਜਰ ਸਨ ਉਥੇ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਦੇ ਮਹੰਤ ਜੈ ਰਾਮ ਗਿਰੀ, ਪੰਡਿਤ ਵਿਸ਼ਨੂੰ ਪ੍ਰਸ਼ਾਦ, ਪੰਚਾਇਤ ਅਫਸਰ ਰੁਪੇਸ਼ ਕੁਮਾਰ ਸੱਦੀ, ਸੰਜੀਵ ਕੁਮਾਰ ਰਿੰਕੂ ਅਤੇ ਹੋਰ ਸ਼ਖ਼ਸੀਅਤਾਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਜਿਨ੍ਹਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਜਾਣਕਾਰੀ ਦਿੰਦਿਆਂ ਕਮੇਟੀ ਦੇ ਬੁਲਾਰੇ ਦਵਿੰਦਰ ਸਿੰਘ ਬਿੱਲਾ ਨੇ ਦੱਸਿਆ ਕਿ '350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ' ਹੁੰਦਿਆਂ ਕਮੇਟੀ ਵੱਲੋਂ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਪਵਿੱਤਰ ਸਲੋਕਾਂ ਸਬੰਧੀ ਨਿਤਨੇਮ ਲਈ ਗੁਟਕਾ ਸਾਹਿਬ ਦੀ ਪ੍ਰਕਾਸ਼ਨਾ ਕਰਵਾਈ ਗਈ ਹੈ, ਜੋ ਸੰਗਤਾਂ ਨੂੰ ਭੇਟ ਕੀਤੇ ਜਾਣਗੇ। ਇਸ ਮੌਕੇ ਮੁੱਖ ਪ੍ਰਬੰਧਕ ਡਾ. ਸਤਨਾਮ ਸਿੰਘ, ਜਥੇਦਾਰ ਗੁਰਨਾਮ ਸਿੰਘ ਖਾਲਸਾ, ਅਵਤਾਰ ਸਿੰਘ ਚੰਦੀ, ਦਵਿੰਦਰ ਸਿੰਘ ਬਿੱਲਾ, ਅਮਰਜੀਤ ਸਿੰਘ ਆਹੂਜਾ, ਚਰਨ ਸਿੰਘ ਚੰਦੀ, ਤਰਸੇਮ ਸਿੰਘ ਚੰਦੀ, ਸਲਿੰਦਰਪਾਲ ਸਿੰਘ, ਰਾਜਿੰਦਰ ਸਿੰਘ ਮਹਿਰੋਕ, ਦਸਤਾਰ ਕੋਚ ਭਾਈ ਗੁਰਮੀਤ ਸਿੰਘ ਯੂਕੇ, ਮਹਿੰਦਰ ਸਿੰਘ, ਕਸ਼ਮੀਰ ਸਿੰਘ, ਗੁਰਜਿੰਦਰਪਾਲ ਸਿੰਘ ਰਾਜਪੂਤ, ਕਪਿਲ ਰਤਨ, ਆਰਜੂ ਅਰੋੜਾ, ਬੀਬੀ ਕਮਲਪ੍ਰੀਤ ਕੌਰ, ਬੀਬੀ ਜੋਗਿੰਦਰ ਕੌਰ ਸਮੇਤ ਵੱਡੀ ਗਿਣਤੀ 'ਚ ਬੀਬੀਆਂ ਅਤੇ ਹੋਰ ਸੰਗਤਾਂ ਹਾਜ਼ਰ ਸਨ।



ਗੁ: ਸਿੰਘ ਸਭਾ ਲੋਹੀਆਂ ਵਿਖੇ ਮਹੰਤ ਜੈ ਰਾਮ ਗਿਰੀ ਜੀ, ਪੰਡਿਤ ਵਿਸ਼ਨੂੰ ਪ੍ਰਸ਼ਾਦ, ਪੰਚਾਇਤ ਅਫਸਰ ਰੁਪੇਸ਼ ਕੁਮਾਰ ਸੱਦੀ, ਸੰਜੀਵ ਕੁਮਾਰ ਰਿੰਕੂ ਅਤੇ ਹੋਰ ਸ਼ਖ਼ਸੀਅਤਾਂ ਦਾ ਸਨਮਾਨ ਕਰਦੇ ਡਾ. ਸਤਨਾਮ ਸਿੰਘ, ਜਥੇਦਾਰ ਗੁਰਨਾਮ ਸਿੰਘ ਖ਼ਾਲਸਾ, ਦਵਿੰਦਰ ਸਿੰਘ ਬਿੱਲਾ ਸੈਕਟਰੀ ਅਤੇ ਹੋਰ। ਤਸਵੀਰ : ਸ਼ਤਾਬਗੜ੍ਹ



ਆਜ਼ਾਦ ਸਪੋਰਟਸ ਕਲੱਬ ਵਲੋਂ ਕਰਵਾਏ ਫੁੱਟਬਾਲ ਕੱਪ ਦੇ ਉਦਘਾਟਨ ਉਪਰੰਤ ਫੁੱਟਬਾਲ ਦੇ ਮੈਚ ਸ਼ੁਰੂ ਕਰਵਾਉਂਦੇ ਹੋਏ ਮੁੱਖ ਮਹਿਮਾਨ ਯਸ਼ਪਾਲ ਗੁਪਤਾ ਨਾਲ, ਬੂਟਾ ਸਿੰਘ ਕਲਸੀ ਪ੍ਰਧਾਨ, ਬਲਕਾਰ ਸਿੰਘ ਚੱਠਾ ਚੇਅਰਮੈਨ, ਪਵਨ ਅਗਰਵਾਲ ਤੇ ਹੋਰ। ਤਸਵੀਰ : ਸਚਦੇਵਾ

## ਆਜ਼ਾਦ ਸਪੋਰਟਸ ਕਲੱਬ ਦਾ 4 ਰੋਜ਼ਾ ਫੁੱਟਬਾਲ ਕੱਪ ਧੂਮ-ਧੜੱਕੇ ਨਾਲ ਸ਼ੁਰੂ

ਸ਼ਾਹਕੋਟ, 27 ਨਵੰਬਰ (ਦਲਜੀਤ ਸਿੰਘ ਸਚਦੇਵਾ)-ਅਜ਼ਾਦ ਸਪੋਰਟਸ ਕਲੱਬ ਸ਼ਾਹਕੋਟ ਵਲੋਂ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਮੰਗਤ ਰਾਏ ਮੰਗੀ ਯਾਦਗਾਰੀ ਚਾਰ ਰੋਜ਼ਾ ਫੁੱਟਬਾਲ ਕੱਪ ਅੱਜ ਤਹਿਸੀਲ ਕੰਪਲੈਕਸ ਸ਼ਾਹਕੋਟ ਦੀ ਗਰਾਊਂਡ ਵਿਚ ਧੂਮ-ਧੜੱਕੇ ਨਾਲ ਸ਼ੁਰੂ ਹੋਇਆ।

ਟੂਰਨਾਮੈਂਟ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪੁੱਜੇ ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਵਾਈਸ ਚੇਅਰਮੈਨ ਯਸ਼ਪਾਲ ਗੁਪਤਾ ਵਲੋਂ ਰਿਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਇਨ੍ਹਾਂ ਨਾਲ ਕਲੱਬ ਦੇ ਪ੍ਰਧਾਨ ਬੂਟਾ ਸਿੰਘ ਕਲਸੀ, ਸਰਪ੍ਰਸਤ ਬਲਕਾਰ ਸਿੰਘ ਚੱਠਾ ਚੇਅਰਮੈਨ ਮਾਰਕੀਟ ਕਮੇਟੀ ਮਹਿਤਪੁਰ ਤੇ ਪਵਨ ਅਗਰਵਾਲ ਪ੍ਰਧਾਨ ਮੰਡੀ ਕਮੇਟੀ ਸ਼ਾਹਕੋਟ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਮੁੱਖ ਮਹਿਮਾਨ ਯਸ਼ਪਾਲ ਗੁਪਤਾ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕੀਤੀ ਤੇ ਫੁੱਟਬਾਲ ਓਪਨ ਦੇ ਮੈਚ ਸ਼ੁਰੂ ਕਰਵਾਏ ਤੇ ਕਿਹਾ ਕਿ ਪ੍ਰਧਾਨ ਬੂਟਾ ਸਿੰਘ ਕਲਸੀ ਵਲੋਂ ਪਿਛਲੇ ਲੰਮੇ ਸਮੇਂ ਤੋਂ ਫੁੱਟਬਾਲ ਖੇਡ ਨੂੰ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ। ਗੁਪਤਾ ਨੇ ਕਿਹਾ ਕਿ ਅਜਿਹੇ ਟੂਰਨਾਮੈਂਟ ਨਾ ਸਿਰਫ਼ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣਾ ਦਾ ਮੌਕਾ ਦਿੰਦੇ ਹਨ, ਸਗੋਂ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਲਈ ਵੀ ਪ੍ਰੇਰਿਤ ਕਰਦੇ ਹਨ। ਇਸ ਮੌਕੇ ਫੁੱਟਬਾਲ ਓਪਨ ਦੇ ਮੁਕਾਬਲੇ ਵਿਚ ਸ਼ੰਕਰ ਬੀ ਨੇ ਨੂਰਪਰ ਬੇਟ ਨੂੰ, ਸੰਗੋਵਾਲ ਨੇ ਕੰਨੀਆਂ ਕਲਾਂ ਨੂੰ, ਸ਼ੰਕਰ ਨੇ ਬੋਪਾਰਾਏ ਕਲਾਂ ਨੂੰ, ਸਰਕਪੁਰ ਨੇ ਗਲੋਟੀ ਨੂੰ, ਚੱਕ ਮੁਗਲਾਣੀ ਨੇ ਜਾਰਜਪੁਰ ਨੂੰ ਤੇ ਸ਼ਾਹਕੋਟ ਨੇ ਬਾਠ ਕਲਾਂ ਨੂੰ ਹਰਾ ਨੇ ਆਪਣੇ-ਆਪਣੇ ਇਲਾਕੇ ਦਾ ਰੌਸ਼ਨ ਕੀਤਾ। ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨ ਯਸ਼ਪਾਲ ਗੁਪਤਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹਰਦੇਵ ਸਿੰਘ ਪੀਟਾ ਸਾਬਕਾ ਐੱਮ.ਸੀ, ਕਰਨ ਗੁਪਤਾ ਮੁੰਬਈ, ਜਤਿੰਦਰਪਾਲ ਸਿੰਘ ਬੱਲਾ ਸਾਬਕਾ ਐੱਮ.ਸੀ, ਮੰਗਤ ਰਾਜ ਮੰਗਾ ਪੰਜਾਬ ਪੁਲਿਸ, ਠੇਕੇਦਾਰ ਬਖ਼ਸ਼ੀਸ਼ ਸਿੰਘ ਝੀਤਾ, ਸੁਰਿੰਦਰ ਵਿੱਗ ਸੀ.ਐੱਚ.ਟੀ, ਕਾਲੀ ਪ੍ਰਧਾਨ, ਸਵਰਾਜ ਸੈਂਹਬੀ, ਬਲਦੇਵ ਸਿੰਘ ਝੀਤਾ, ਧਰਮਿੰਦਰ ਪੱਪੂ, ਲਖਬੀਰ ਸਿੰਘ ਝੀਤਾ, ਮੰਗਾ ਮੱਟੂ, ਵਿਜੈ ਵਿੱਗ, ਧਰਮਿੰਦਰ ਪੱਪੂ, ਅਨੂਪ ਜੈਨ, ਵਿਸ਼ਾਲ ਬਾਂਸਲ, ਪ੍ਰਦੀਪ ਸਿੰਗਲਾ, ਕਨਵ ਅਗਰਵਾਲ ਆਦਿ ਹਾਜ਼ਰ ਸਨ।

**ਯਸ਼ਪਾਲ ਗੁਪਤਾ ਨੇ ਰਿਬਨ ਕੱਟ ਕੇ ਕੀਤਾ ਉਦਘਾਟਨ**

## ਨਵਾਂ ਪਿੰਡ ਖਾਲੇਵਾਲ ਦਾ ਛਿੰਝ ਮੇਲਾ ਅਤੇ ਕਬੱਡੀ ਟੂਰਨਾਮੈਂਟ ਅੱਜ

ਲੋਹੀਆਂ ਖਾਸ, 27 ਨਵੰਬਰ (ਗੁਰਪਾਲ ਸਿੰਘ ਸ਼ਤਾਬਗੜ੍ਹ, ਕੁਲਦੀਪ ਸਿੰਘ ਖਾਲਸਾ)-ਪਿੰਡ ਨਵਾਂ ਪਿੰਡ ਖਾਲੇਵਾਲ ਦਾ ਛਿੰਝ ਮੇਲਾ ਅਤੇ ਕਬੱਡੀ ਟੂਰਨਾਮੈਂਟ 28 ਨਵੰਬਰ, ਦਿਨ ਸ਼ੁੱਕਰਵਾਰ ਨੂੰ ਕਰਵਾਇਆ ਜਾ ਰਿਹਾ ਹੈ। ਪਿੰਡ ਦੇ ਸਰਪੰਚ ਤਰਲੋਚਨ ਸਿੰਘ ਚਤਰੱਥ, ਡੀ.ਪੀ. ਮਾਸਟਰ ਰਣਜੀਤ ਸਿੰਘ ਰਾਣਾ, ਇੰਜੀ ਪਰਮਪਾਲ ਸਿੰਘ ਅਤੇ ਜਰਨੈਲ ਸਿੰਘ ਟੁਰਨਾ ਨੇ ਦੱਸਿਆ ਕਿ ਖੇਡ ਮੇਲੇ ਦੌਰਾਨ ਜਿਥੇ ਵੱਖ-ਵੱਖ ਕਬੱਡੀ ਕਲੱਬਾਂ ਅਤੇ ਪਹਿਲਵਾਨਾਂ ਦੇ ਭੇੜ ਹੋਣਗੇ, ਉੱਥੇ ਵੱਖ-ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੇ ਅਤੇ ਪਿੰਡ ਦਾ ਮਾਣ ਵਧਾਉਣ ਵਾਲੀਆਂ ਸ਼ਖ਼ਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ। ਇਨ੍ਹਾਂ 'ਚ ਡਾ. ਰਾਜਿੰਦਰਪਾਲ ਸਿੰਘ ਜੁਆਇੰਟ ਡਾਇਰੈਕਟਰ, ਸੰਯੁਕਤ ਨਿਰਦੇਸ਼ਕ ਪਸ਼ੂ ਪਾਲਣ ਵਿਭਾਗ ਪੰਜਾਬ, ਸੂਬੇਦਾਰ ਮੇਜਰ ਰਣਜੀਤ ਸਿੰਘ, ਸਿਮਰਨ ਕਬੱਡੀ ਖਿਡਾਰੀ, ਰੋਹਿਤ ਰਗਬੀ ਖਿਡਾਰੀ ਨੈਸ਼ਨਲ ਲੈਵਲ, ਹਰਜਿੰਦਰ ਸਿੰਘ ਸੋਖਲ ਰਿਟਾ. ਅਸਿਸਟੈਂਟ ਜੇਲ੍ਹ ਸੁਪਰਡੈਂਟ ਦਾ 'ਪਿੰਡ ਦੇ ਮਾਣ ਪੁਰਸਕਾਰ' ਵਜੋਂ ਸਨਮਾਨ ਕੀਤਾ ਜਾਵੇਗਾ ਜਦਕਿ 'ਇਲਾਕੇ ਦਾ ਮਾਣ ਪੁਰਸਕਾਰ' ਪ੍ਰਸਿੱਧ ਬਾਡੀ ਬਿਲਡਰ ਜਤਿੰਦਰ ਸਿੰਘ ਸੰਧਾ ਸ਼ਤਾਬਗੜ੍ਹ ਵਿਸ਼ਵ ਚੈਂਪੀਅਨ ਬਾਡੀ ਬਿਲਡਿੰਗ, ਪੰਜਾਬ ਪੁਲਿਸ ਦੇ ਹਿੱਸੇ ਆਇਏਗਾ।



ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕਰਨ ਮੌਕੇ ਸਕੂਲ ਪ੍ਰਬੰਧਕ ਕਮੇਟੀ ਮੈਂਬਰ, ਸਕੂਲ ਸਟਾਫ ਤੇ ਹੋਰ। ਤਸਵੀਰ : ਰੂਪਰਾ ਸਟੂਡੀਓ

## ਸੰਤ ਜੂਡਸ ਕਾਨਵੈਂਟ ਸਕੂਲ ਮਹਿਤਪੁਰ ਵਿਖੇ ਸਾਲਾਨਾ ਸਮਾਗਮ ਕਰਵਾਇਆ

ਮਹਿਤਪੁਰ, 27 ਨਵੰਬਰ (ਲਖਵਿੰਦਰ ਸਿੰਘ)-ਸਕੂਲ ਡਾਇਰੈਕਟਰ ਫਾਦਰ ਜੇਮਸ ਉਲਾਟਿਲ ਅਤੇ ਸਹਾਇਕ ਡਾਇਰੈਕਟਰ ਫਾਦਰ ਸ਼ਿਬਿਨ ਅਤੇ ਸਕੂਲ ਪ੍ਰਿੰਸੀਪਲ ਸਿਸਟਰ ਜੈਸੀ ਦੀ ਸਰਪ੍ਰਸਤੀ ਹੇਠ ਸੰਤ ਜੂਡਸ ਕਾਨਵੈਂਟ ਸਕੂਲ ਮਹਿਤਪੁਰ ਵਲੋਂ ਸਾਲਾਨਾ ਸਮਾਗਮ ਕਰਵਾਇਆ ਗਿਆ। ਫਾਦਰ ਮੈਥਿਊ ਪਾਲਾਚੂਵੀਟਿਲ ਨੇ ਮੁੱਖ ਮਹਿਮਾਨ ਵਜੋਂ ਇਸ ਪ੍ਰੋਗਰਾਮ 'ਚ ਸ਼ਿਰਕਤ ਕੀਤੀ ਅਤੇ ਉਸ ਦੇ ਨਾਲ ਨਾਲ ਫਾਦਰ ਸਾਈਨ ਸਕਿਰੀਆ, ਐਸ.ਐਚ.ਓ ਮਹਿਤਪੁਰ ਸ਼੍ਰੀ ਪੰਕਜ ਕੁਮਾਰ, ਸਾਬਕਾ ਐਸ.ਡੀ.ਓ ਸ੍ਰੀ ਬਲਵਿੰਦਰ ਸਿੰਘ ਵੀ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਮੁੱਖ ਮਹਿਮਾਨਾਂ ਨੇ ਜੋਤੀ ਨੂੰ ਰੋਸ਼ਨ ਕਰਕੇ ਪ੍ਰੋਗਰਾਮ ਨੂੰ ਅੱਗੇ ਤੋਰਿਆ । ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਵੱਖ-ਵੱਖ ਨਾਚ ਅਤੇ ਨਾਟਕ ਦੇਖਣ ਵਾਲਿਆਂ ਲਈ ਖਿੱਚ ਦਾ ਕੇਂਦਰ ਬਣੇ। ਐਸ.ਐਚ.ਓ ਮਹਿਤਪੁਰ ਨੇ ਸ਼ਾਮਿਲ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਸ ਸਮੇਂ ਫਾਦਰ ਮੈਥਿਊ ਪਾਲਾਚੂਵੀਟਿਲ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਸਕੂਲ ਵਿੱਚ ਬੱਚਿਆਂ ਵਲੋਂ ਪੇਸ਼ ਕੀਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ । ਸਕੂਲ ਅਤੇ ਬੱਚਿਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦੇ ਹੋਏ ਪਰਮਾਤਮਾ ਅੱਗੇ ਬੇਨਤੀ ਕੀਤੀ। ਸਕੂਲ ਦੀ ਪ੍ਰਿੰਸੀਪਲ ਸਿਸਟਰ ਜੈਸੀ ਵਲੋਂ ਸਕੂਲ ਦੀਆਂ ਪੂਰੇ ਸਾਲ ਦੀਆਂ ਪ੍ਰਾਪਤੀਆਂ ਨੂੰ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਸਾਹਮਣੇ ਦੱਸਿਆ ਗਿਆ, ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਗਈ। ਚੰਗੇ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਦੇ ਨਾਲ-ਨਾਲ ਆਏ ਹੋਏ ਮੁੱਖ ਮਹਿਮਾਨ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਸਨਮਨ ਭੇਟ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਬੱਚਿਆਂ ਤੇ ਅਧਿਆਪਕਾਂ ਵਲੋਂ ਨਿਭਾਈ ਗਈ ਅਤੇ ਅੰਤ 'ਚ ਸਕੂਲ ਦੇ ਸਟਾਫ਼ ਸੈਕਟਰੀ ਰਮਨ ਮਸੀਹ ਵਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ 'ਚ ਸਕੂਲ ਦਾ ਸਮੂਹ ਟੀਚਿੰਗ, ਨੌਨ ਟੀਚਿੰਗ ਸਟਾਫ ਕਮੇਟੀ ਮੈਂਬਰ ਤੇ ਬੱਚਿਆਂ ਦੇ ਮਾਪੇ ਸ਼ਾਮਿਲ ਸਨ।

## ਬਲਾਕ ਆਦਮਪੁਰ ਦੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀ ਜਨਰਲ/ਰਿਜ਼ਰਵ ਚੋਣਾਂ ਲਈ ਸ਼੍ਰੇਣੀਬੱਧ ਕੀਤਾ

ਆਦਮਪੁਰ, 27 ਨਵੰਬਰ (ਰਮਨ ਦਵੇਸਰ)-ਪੰਜਾਬ ਸਰਕਾਰ ਵਲੋਂ ਜ਼ਿਲ੍ਹਾ ਜਲੰਧਰ ਦੇ ਬਲਾਕ ਆਦਮਪੁਰ ਦੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀ ਜਨਰਲ/ਰਿਜਰਵ ਚੋਣਾਂ ਲਈ ਸ਼੍ਰੇਣੀਬੱਧ ਕੀਤਾ ਗਿਆ ਹੈ, ਜਿਸ ਦੇ ਤਹਿਤ ਚੋਣ ਹਲਕੇ ਬਿਆਸ ਪਿੰਡ ਐਸ.ਸੀ. (ਇਸਤਰੀ), ਦੋਲੀਕੇ ਸੁੰਦਰਪੁਰ ਐਸ. ਸੀ. (ਇਸਤਰੀ), ਡੀਗਰੀਆ ਐਸ.ਸੀ, ਸਾਰੋਬਾਦ ਜਨਰਲ, ਕਠਾਰ (ਇਸਤਰੀ), ਮਾਣਕੋ ਐਸ. ਸੀ. (ਇਸਤਰੀ), ਪਧਿਆਣਾ (ਇਸਤਰੀ), ਡਰੋਲੀ ਕਲਾਂ ਜਨਰਲ, ਜਲਪੋਤ ਜਨਰਲ, ਚੂਹੜਵਾਲੀ ਐਸ. ਸੀ, ਅਰਜਨਵਾਲ ਐਸ. ਸੀ, ਹਰੀਪੁਰ ਐਸ. ਸੀ, ਖੁਰਦਪੁਰ ਐਸ. ਸੀ (ਇਸਤਰੀ), ਨੰਗਲ ਫੀਦਾ ਐਸ.ਸੀ (ਇਸਤਰੀ) ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਪਤਾਰਾ ਜਨਰਲ, ਜੰਡੂ ਸਿੰਘਾ ਐਸ.ਸੀ।



ਪ੍ਰਿੰਸੀਪਲ ਡਾ. ਯੋਗੇਸ਼ ਗੰਭੀਰ ਮਾਨਵਜੀਤ ਨੂੰ ਸਨਮਾਨਿਤ ਕਰਦੇ ਹੋਏ। ਤਸਵੀਰ : ਸਤਿੰਦਰ ਸ਼ਰਮਾ

## ਡੀ.ਏ.ਵੀ. ਸਕੂਲ ਦੇ ਮਾਨਵਜੀਤ ਨੇ ਕਰਾਟੇ ਖੇਡ 'ਚ ਕੌਮੀ ਪੱਧਰ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ

ਫਿਲੌਰ, 27 ਨਵੰਬਰ (ਸਤਿੰਦਰ ਸ਼ਰਮਾ)-ਡੀ.ਆਰ.ਵੀ., ਡੀ.ਏ.ਵੀ. ਸੈਂਟੇਨਰੀ ਪਬਲਿਕ ਸਕੂਲ ਫਿਲੌਰ ਦੇ ਵਿਦਿਆਰਥੀ ਮਾਨਵਜੀਤ ਸਿੰਘ ਮਹੇ ਨੇ ਕੌਮੀ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਪੰਜਵੀਂ ਜਮਾਤ ਦੇ ਇਸ ਮਾਰਸ਼ਲ ਆਰਟ ਖਿਡਾਰੀ ਨੂੰ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਸ਼ੌਰਿਆ ਸੋਤੋਕਾਨ ਕਰਾਟੇ-ਡੋ ਨੈਸ਼ਨਲ ਐਵਾਰਡ 2025 ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਮੁਕਾਬਲਾ ਸ਼ੌਰਿਆ ਮਾਰਸ਼ਲ ਆਰਟਸ ਐਂਡ ਸਪੋਰਟਸ ਵੈੱਲਫੇਅਰ ਸੁਸਾਇਟੀ, ਸ਼ੌਰਿਆ ਸੋਤੋਕਾਨ ਕਰਾਟੇ-ਡੋ ਫੈੱਡਰੇਸ਼ਨ ਆਫ਼ ਇੰਡੀਆ, ਕਰਾਟੇ ਅਸੋਸੀਏਸ਼ਨ ਆਫ ਇੰਡੀਆ, ਤਾਇਕਵਾਂਡੋ ਅਸੋਸੀਏਸ਼ਨ ਆਫ਼ ਪੰਜਾਬ ਅਤੇ ਥਾਈ ਕਿਕ ਬਾਕਸਿੰਗ ਅਸੋਸੀਏਸ਼ਨ ਆਫ਼ ਪੰਜਾਬ ਵੱਲੋਂ ਸਾਂਝੇ ਤੌਰ 'ਤੇ ਅਯੋਜਤ ਕੀਤਾ ਗਿਆ ਜੋ ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਯੂਥ ਅਫੇਅਰਜ਼ ਐਂਡ ਸਪੋਰਟਸ ਵਿਭਾਗ ਵੱਲੋਂ ਮਾਨਤਾ ਪ੍ਰਾਪਤ ਹੈ। ਮਾਨਵਜੀਤ ਨੇ ਅੰਤਾਂ ਦੀ ਤੇਜੀ, ਅਨੁਸ਼ਾਸਨ ਅਤੇ ਤਕਨੀਕ ਦਾ ਪ੍ਰਦਰਸ਼ਨ ਕਰਦਿਆਂ ਕੇਵਲ 2 ਮਿੰਟ 21 ਸੈਕਿੰਡ ਵਿਚ 551 ਯਾਨੀ ਸਭ ਤੋਂ ਤੇਜ ਮੁੱਕੇ ਮਾਰ ਕੇ ਇਹ ਵਕਾਰੀ ਸਨਮਾਨ ਪ੍ਰਾਪਤ ਕੀਤਾ। ਇਹ ਸਫ਼ਲਤਾ ਉਸ ਨੇ ਅੰਡਰ-11 ਸਬ ਜੂਨੀਅਰ ਵਰਗ 'ਚ ਪ੍ਰਾਪਤ ਕੀਤੀ। ਇਸ ਉਪਲਬਧੀ ਨਾਲ ਨਾ ਕੇਵਲ ਮਾਨਵਜੀਤ ਦੀ ਮਿਹਨਤ ਅਤੇ ਜਜ਼ਬੇ ਦੀ, ਬਲਕਿ ਉਸਦੇ ਕੋਚਾਂ, ਮਾਪਿਆਂ ਅਤੇ ਸਕੂਲ ਦੀ ਲਗਾਤਾਰ ਪ੍ਰੇਰਨਾ ਅਤੇ ਸਹਿਯੋਗ ਦੀ ਝਲਕ ਵੀ ਸਪੱਸ਼ਟ ਮਿਲਦੀ ਹੈ। ਸਕੂਲ ਦੇ ਪ੍ਰਿੰਸੀਪਲ ਡਾ. ਯੋਗੇਸ਼ ਗੰਭੀਰ ਨੇ ਮਾਨਵਜੀਤ ਨੂੰ ਮੁਬਾਰਕਬਾਦ ਦਿੰਦੇ ਹੋਏ ਦੂਸਰੇ ਵਿਦਿਆਰਥੀਆਂ ਨੂੰ ਉਸ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ।



ਡੀ. ਏ.ਵੀ. ਕਾਲਜ ਨਕੋਦਰ ਵਿਖੇ 'ਸੰਵਿਧਾਨ ਦਿਵਸ' ਮੌਕੇ ਸਹੁੰ ਚੁੱਕਦੇ ਹੋਏ ਸਟਾਫ ਮੈਂਬਰ ਅਤੇ ਵਿਦਿਆਰਥੀ। ਤਸਵੀਰ : ਗੁਰਵਿੰਦਰ ਸਿੰਘ

## ਡੀ.ਏ.ਵੀ. ਕਾਲਜ ਨਕੋਦਰ ਵਿਖੇ ਮਨਾਇਆ 'ਸੰਵਿਧਾਨ ਦਿਵਸ'

ਨਕੋਦਰ, 27 ਨਵੰਬਰ (ਗੁਰਵਿੰਦਰ ਸਿੰਘ)-ਕੇ.ਆਰ.ਐਮ. ਡੀ.ਏ.ਵੀ. ਕਾਲਜ, ਨਕੋਦਰ ਵਿਖੇ ਪ੍ਰਿੰਸੀਪਲ ਡਾ. ਅਨੂਪ ਕੁਮਾਰ ਦੀ ਅਗਵਾਈ 'ਚ ਰਾਜਨੀਤੀ ਸ਼ਾਸਤਰ ਵਿਭਾਗ ਅਤੇ ਐਨ.ਐਸ.ਐਸ. ਵਿਭਾਗ ਦੇ ਸਾਂਝੇ ਯਤਨ ਨਾਲ ਭਾਰਤੀ ਸੰਵਿਧਾਨ ਦਿਵਸ ਮਨਾਇਆ ਗਿਆ। ਇਸ ਮੌਕੇ ਕਰਵਾਏ ਸਮਾਗਮ ਦੌਰਾਨ ਕਾਲਜ ਦੇ ਵਾਇਸ ਪ੍ਰਿੰਸੀਪਲ ਪ੍ਰੋ. ਇੰਦੂ ਬੱਤਰਾ ਨੇ ਸਾਰਿਆਂ ਨੂੰ ਸੰਵਿਧਾਨ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਦੁਨੀਆਂ ਦਾ ਸਭ ਤੋਂ ਵਿਸ਼ਾਲ ਸੰਵਿਧਾਨ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਭਾਰਤੀ ਸੰਵਿਧਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਐਨ.ਐਸ.ਐਸ. ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਸੀਮਾ ਕੌਸ਼ਲ ਨੇ ਵਲੰਟੀਅਰਾਂ ਨੂੰ ਸੰਵਿਧਾਨ ਦਿਵਸ ਮਨਾਉਣ 'ਚ ਭਾਗੀਦਾਰ ਬਣਨ ਲਈ ਪ੍ਰੇਰਿਆ। ਇਸ ਮੌਕੇ ਵਲੰਟੀਅਰਾਂ ਨੇ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦੀ ਸਹੁੰ ਵੀ ਚੁੱਕੀ ਅਤੇ ਆਪਣੇ ਅਧਿਕਾਰਾਂ ਦੇ ਨਾਲ-ਨਾਲ ਕਰਤੱਵਾਂ ਦੀ ਪਾਲਣਾ ਦੀ ਗੱਲ ਵੀ ਕੀਤੀ। ਇਸ ਮੌਕੇ ਵਿਦਿਆਰਥੀਆਂ ਦੇ ਭਾਰਤੀ ਸੰਵਿਧਾਨ ਉੱਪਰ ਪੋਸਟਰ ਮੇਕਿੰਗ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਜੇਤੂ ਵਿਦਿਆਰਥੀਆਂ ਨੂੰ ਕਾਲਜ ਵਲੋਂ ਸਨਮਾਨਿਤ ਕੀਤਾ ਗਿਆ। ਮੰਚ ਦਾ ਸੰਚਾਲਨ ਰਾਜਨੀਤੀ ਸ਼ਾਸਤਰ ਵਿਭਾਗ ਦੇ ਪ੍ਰੋ. ਨਵਪ੍ਰੀਤ ਕੌਰ ਵਲੋਂ ਕੀਤਾ ਗਿਆ ਅਤੇ ਅਖੀਰ ਵਿਚ ਐਨ.ਐਸ.ਐਸ. ਪ੍ਰੋਗਰਾਮ ਅਫਸਰ ਪ੍ਰੋ. ਮੋਨਿਕਾ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਬਲਜੀਤ ਕੌਰ, ਪ੍ਰੋ. ਮੁਸਕਾਨ ਆਦਿ ਸਮੇਤ ਕਈ ਸਟਾਫ਼ ਮੈਂਬਰ ਹਾਜ਼ਰ ਸਨ।

## ਭਲਕੇ ਬਿਜਲੀ ਬੰਦ ਰਹੇਗੀ

ਜੰਡਿਆਲਾ ਮੰਜਕੀ, 27 ਨਵੰਬਰ (ਸੁਰਜੀਤ ਸਿੰਘ ਜੰਡਿਆਲਾ)-ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੀ ਸਬ ਡਿਵੀਜ਼ਨ ਸਮਰਾਏ ਦੇ ਅਧਿਕਾਰੀਆਂ ਅਨੁਸਾਰ 29 ਨਵੰਬਰ ਨੂੰ 66 ਕੇਵੀ ਸਬ ਸਟੇਸ਼ਨ ਦੀ ਜ਼ਰੂਰੀ ਮੁਰੰਮਤ ਕਾਰਨ ਬਿਜਲੀ ਘਰ ਤੋਂ ਚੱਲਣ ਵਾਲੇ ਪਿੰਡ ਜੰਡਿਆਲਾ,ਸਮਰਾਏ, ਧਾਲੀਵਾਲ , ਥਾਬਲਕੇ, ਕੰਗਣੀਵਾਲ, ਮਸ਼ਿਆਣਾ, ਪੰਡੋਰੀ ਮੁਸ਼ਾਰਕਤੀ, ਪੰਡੋਰੀ ਰਾਜਪੂਤਾਂ, ਚੋਲਾਂਗ, ਲੁਹਾਰ ਨੰਗਲ ਦੀ ਬਿਜਲੀ ਸਪਲਾਈ ਸਵੇਰੇ ਨੌ ਵਜੇ ਸ਼ਾਮ ਚਾਰ ਵਜੇ ਤੱਕ ਬੰਦ ਰਹੇਗੀ।



ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਕਾਂਗਰਸ ਕਮੇਟੀ ਜ਼ਿਲ੍ਹਾ ਜਲੰਧਰ (ਦਿਹਾਤੀ) ਦੇ ਦੂਸਰੀ ਵਾਰ ਪ੍ਰਧਾਨ ਬਣਨ 'ਤੇ ਉਨ੍ਹਾਂ ਨੂੰ ਗੁਲਦਸਤਾ ਭੇਟ ਕਰ ਕੇ ਵਧਾਈ ਦਿੰਦੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਡਾ. ਸੁਰਿੰਦਰ ਭੱਟੀ ਤੇ ਜਸ਼ਨ ਜਲੰਧਰ। ਤਸਵੀਰ : ਸੁਖਦੀਪ ਸਿੰਘ ਸ਼ਾਹਕੋਟ

## ਸਲੇਮਪੁਰ ਤੇ ਟਰਾਂਸਪੋਰਟ ਨਗਰ 'ਚ ਹੈਰੋਇਨ ਪੀਂਦੇ 2 ਨੌਜਵਾਨ ਗ੍ਰਿਫ਼ਤਾਰ

ਮਕਸੂਦਾਂ, 27 ਨਵੰਬਰ (ਸੌਰਵ ਮਹਿਤਾ)-ਥਾਣਾ ਡਿਵੀਜ਼ਨ ਨੰਬਰ 1 ਅਤੇ ਥਾਣਾ ਡਿਵੀਜ਼ਨ ਨੰਬਰ 8 ਦੀ ਪੁਲਿਸ ਨੇ ਪੈਟਰੋਲਿੰਗ ਦੌਰਾਨ ਨਸ਼ੇ ਦੀ ਲਤ 'ਚ ਫਸੇ 2 ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਇਹ ਦੋਵੇਂ ਵੱਖ-ਵੱਖ ਥਾਵਾਂ 'ਤੇ ਖੁੱਲ੍ਹੇਆਮ ਹੈਰੋਇਨ ਪੀਂਦੇ ਪਾਏ ਗਏ ਸਨ। ਪੁਲਿਸ ਨੇ ਦੋਵਾਂ ਦੇ ਕਬਜ਼ੇ ਤੋਂ ਹੈਰੋਇਨ ਅਤੇ ਨਸ਼ਾ ਕਰਨ ਲਈ ਵਰਤੇ ਜਾਣ ਵਾਲਾ ਸਮਾਨ ਵੀ ਬਰਾਮਦ ਕੀਤਾ ਹੈ। ਥਾਣਾ 1 ਦੇ ਇੰਚਾਰਜ ਰਾਕੇਸ਼ ਕੁਮਾਰ ਨੇ ਦੱਸਿਆ ਕਿ ਏ.ਐੱਸ.ਆਈ. ਸੁਰਜੀਤ ਸਿੰਘ ਪੈਟਰੋਲਿੰਗ ਕਰ ਰਹੇ ਸਨ। ਜਦੋਂ ਉਹ ਸਲੇਮਪੁਰ ਦੇ ਤਿਰਲੋਕ ਇਨਕਲੇਵ ਵਿੱਚ ਪਹੁੰਚੇ ਤਾਂ ਉਨ੍ਹਾਂ ਨੇ ਇੱਕ ਨੌਜਵਾਨ ਨੂੰ ਖੁੱਲ੍ਹੇ ਵਿੱਚ ਹੈਰੋਇਨ ਪੀਂਦੇ ਵੇਖਿਆ। ਪੁਲਿਸ ਨੂੰ ਦੇਖ ਕੇ ਉਹ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰਨ ਲੱਗਾ, ਪਰ ਲੋਕਾਂ ਦੀ ਮਦਦ ਨਾਲ ਉਸ ਨੂੰ ਕਾਬੂ ਕਰ ਲਿਆ ਗਿਆ, ਕਾਬੂ ਕੀਤੇ ਨੌਜਵਾਨ ਕੋਲੋਂ ਨਸ਼ੇ ਦਾ ਸਾਮਾਨ ਵੀ ਮਿਲਿਆ। ਇਸੇ ਤਰ੍ਹਾਂ, ਥਾਣਾ ਅੱਠ ਦੇ ਐੱਸਆਈ ਮੇਵਾ ਸਿੰਘ ਨੇ ਟਰਾਂਸਪੋਰਟ ਨਗਰ 'ਚ ਪੈਟਰੋਲਿੰਗ ਦੌਰਾਨ ਪ੍ਰਨਾਮ ਨਾਂਅ ਦੇ ਨੌਜਵਾਨ ਨੂੰ ਹੈਰੋਇਨ ਪੀਂਦੇ ਹੋਏ ਫੜਿਆ। ਉਸ ਦੇ ਕੋਲੋਂ ਵੀ ਹੈਰੋਇਨ ਅਤੇ ਨਸ਼ੇ ਵਾਲਾ ਸਾਮਾਨ ਮਿਲਿਆ। ਪੁਲਿਸ ਜਾਂਚ ਵਿੱਚ ਪਤਾ ਲੱਗਿਆ ਕਿ ਉਹ ਲੰਮੇ ਸਮੇਂ ਤੋਂ ਨਸ਼ੇ ਦੀ ਆਦਤ 'ਚ ਫਸਿਆ ਹੋਇਆ ਸੀ। ਪੁਲਿਸ ਨੇ ਦੋਵੇਂ ਨੌਜਵਾਨਾਂ ਖ਼ਿਲਾਫ਼ ਮਾਮਲੇ ਦਰਜ ਕਰਦੇ ਹੋਏ ਕਾਨੂੰਨੀ ਕਾਰਵਾਈ ਕੀਤੀ। ਪੁੱਛਗਿੱਛ ਤੋਂ ਬਾਅਦ ਦੋਵਾਂ ਨੂੰ ਨਸ਼ਾ ਛੁਡਾਊ ਕੇਂਦਰ ਭੇਜ ਦਿੱਤਾ ਗਿਆ ਤਾਂ ਜੋ ਉਹ ਆਪਣੀ ਲਤ ਤੋਂ ਬਾਹਰ ਨਿਕਲ ਸਕਣ।

## ਪਿੰਡ ਚੁਖਿਆਰਾ ਕੀਰਤਨ ਦਰਬਾਰ 30 ਨੂੰ

ਆਦਮਪੁਰ, 27 ਨਵੰਬਰ (ਹਰਪ੍ਰੀਤ ਸਿੰਘ)-ਭਾਈ ਦਿਆਲਾ ਜੀ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਦੂਜਾ ਮਹਾਨ ਕੀਤਨ ਦਰਬਾਰ ਪਿੰਡ ਚੁਖਿਆਰਾ ਵਿਖੇ 30 ਨਵੰਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਕਰਵਾਇਆ ਜਾ ਰਿਹਾ ਹੈ । ਜਾਣਕਾਰੀ ਦਿੰਦੇ ਕਮੇਟੀ ਮੈਂਬਰ ਅਵਤਾਰ ਸਿੰਘ ਤਾਰੀ ਨੇ ਦੱਸਿਆ ਕਿ ਡੇਰਾ ਸੰਤਪੁਰਾ ਜੱਬੜ ਦੇ ਸਹਿਯੋਗ ਤੇ ਇਲਾਕੇ ਦੇ ਸਹਿਯੋਗ ਨਾਲ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ ਜਿਸ 'ਚ ਭਾਈ ਸੰਤੋਖ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਗਿਆਨੀ ਭੁਪਿੰਦਰ ਸਿੰਘ ਅੰਮ੍ਰਿਤਸਰ, ਗਿਆਨੀ ਗੁਰਸ਼ਰਨ ਸਿੰਘ ਕਵੀਸ਼ਰੀ ਜਥਾ, ਜਾਗੋ ਲਹਿਰ ਸੰਗਤਾਂ ਵਿੱਚ ਹਾਜ਼ਰੀ ਭਰਨਗੇ।



ਪਿੰਡ ਢੰਡਾਂ ਵਿਖੇ ਸਿੰਚਾਈ ਪ੍ਰਾਜੈਕਟ ਦਾ ਉਦਘਾਟਨ ਕਰਨ ਮੌਕੇ ਜਸਕਰਨ ਸਿੰਘ ਜੱਸੀ ਐਨ. ਆਰ. ਆਈ. ਨਾਲ ਪਿੰਡ ਵਾਸੀ ਅਤੇ ਹੋਰ। ਤਸਵੀਰ:ਬਲਵਿੰਦਰ ਸਿੰਘ

## ਪਿੰਡ ਢੰਡਾਂ ਵਿਖੇ ਸਿੰਚਾਈ ਪ੍ਰਾਜੈਕਟ ਮੁਕੰਮਲ

ਗੁਰਾਇਆ, 27 ਨਵੰਬਰ (ਬਲਵਿੰਦਰ ਸਿੰਘ)-ਨਜ਼ਦੀਕੀ ਪਿੰਡ ਢੰਡਾਂ ਵਿਖੇ ਸਿੰਚਾਈ ਪ੍ਰਾਜੈਕਟ ਤਹਿਤ ਭੂਮੀ ਅਤੇ ਜਲ ਸੰਭਾਲ ਵਿਭਾਗ ਪੰਜਾਬ ਵਲੋਂ ਛੱਪੜ ਤੋਂ ਪਾਣੀ ਜ਼ਮੀਨ ਦੋਜ਼ ਪਾਈਪ ਲਾਈਨ ਸਿੰਚਾਈ ਪ੍ਰਾਜੈਕਟ ਮੁਕੰਮਲ ਕੀਤਾ ਗਿਆ। ਇਸ ਪ੍ਰੋਜੈਕਟ ਦਾ ਉਦਘਾਟਨ ਐਨ. ਆਰ. ਆਈ. ਜਸਕਰਨ ਸਿੰਘ ਜੱਸੀ ਵਲੋਂ ਕੀਤਾ ਗਿਆ। ਇਸ ਮੌਕੇ ਬੋਲਦਿਆਂ ਪੰਚ ਦਲਜੀਤ ਸਿੰਘ, ਪੰਚ ਬਿੰਦਰ ਲਾਲ ਨੇ ਦੱਸਿਆ ਕਿ ਇਸ ਪ੍ਰੋਜੈਕਟ ਤੇ ਤਕਰੀਬਨ 25 ਲੱਖ ਰੁਪਏ ਖ਼ਰਚ ਕੀਤੇ ਗਏ ਹਨ। ਐਨ.ਆਰ.ਆਈ. ਜਸਕਰਨ ਸਿੰਘ ਜੱਸੀ ਵਲੋਂ 15 ਲੱਖ ਰੁਪਏ ਦਾ ਯੋਗਦਾਨ ਪਾਇਆ ਗਿਆ ਹੈ। ਭੂਮੀ ਅਤੇ ਜਲ ਸੰਭਾਲ ਵਿਭਾਗ ਪੰਜਾਬ ਵਲੋਂ 10 ਲੱਖ ਰੁਪਏ ਦਿੱਤੇ ਗਏ, ਇਸ ਮੌਕੇ ਪਿੰਡ ਵਾਸੀਆਂ ਨੇ ਕਿਹਾ ਪਿੰਡ ਢੰਡਾਂ ਦੇ ਐਨ ਆਰ ਵੀਰਾਂ ਦੇ ਸਹਿਯੋਗ ਨਾਲ ਪਿੰਡ ਦੇ ਵਿਕਾਸ ਕੰਮ ਵੱਡੀ ਪੱਧਰ 'ਤੇ ਕਰਵਾਏ ਜਾਂਦੇ ਹਨ, ਇਸ ਮੌਕੇ ਗ੍ਰਾਮ ਪੰਚਾਇਤ ਵਲੋਂ ਐਨ. ਆਰ. ਆਈ. ਜਸਕਰਨ ਸਿੰਘ ਜੱਸੀ, ਜਰਨੈਲ ਸਿੰਘ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਦਲਜੀਤ ਸਿੰਘ ਪੰਚ, ਬਿੰਦਰ ਲਾਲ ਪੰਚ, ਜਸਵੀਰ ਪੰਚ, ਸੁਰਜੀਤ ਸਿੰਘ ਪੰਚ, ਗੁਰਵਿੰਦਰ ਸਿੰਘ ਪ੍ਰਧਾਨ, ਕਸ਼ਮੀਰ ਸਿੰਘ, ਬਹਾਦਰ ਸਿੰਘ ਯੂ ਕੇ, ਤਰਸੇਮ ਸਿੰਘ ਯੂ ਕੇ, ਜਗੀਰ ਸਿੰਘ, ਗੁਰਨੇਕ ਸਿੰਘ, ਬਲਦੀਪ ਸਿੰਘ, ਦਵਿੰਦਰ ਸਿੰਘ, ਸਦਾ ਰਾਮ ਸੁਮਨ, ਲਹਿੰਬਰ ਸਿੰਘ, ਦਲਵੀਰ ਸਿੰਘ, ਰਘਬੀਰ ਸਿੰਘ,ਰਾਹੁਲ ਕੁਮਾਰ, ਕੁਲਦੀਪ ਸਿੰਘ ਯੂ ਕੇ, ਹਰਗਗਨਦੀਪ ਸਿੰਘ ਅਤੇ ਹੋਰ ਇਲਾਵਾ ਹੋਰ ਹਾਜ਼ਰ ਸਨ।

## ਰਾਜਿੰਦਰ ਸਿੰਘ ਨੇ ਗੁਰੂ ਰਵਿਦਾਸ ਮੰਦਰ ਕਮੇਟੀ ਵਲੋਂ ਉਸਾਰੇ ਜਾ ਰਹੇ ਕਮਿਊਨਿਟੀ ਹਾਲ ਦੀ ਉਸਾਰੀ ਲਈ ਦਿੱਤਾ ਸਹਿਯੋਗ

ਕਰਤਾਰਪੁਰ, 27 ਨਵੰਬਰ (ਜਨਕ ਰਾਜ ਗਿੱਲ)-ਸ੍ਰੀ ਗੁਰੂ ਰਵਿਦਾਸ ਮੰਦਰ ਆਰੀਆ ਨਗਰ ਕਰਤਾਰਪੁਰ ਵਿਖੇ ਉਸਾਰੀ ਅਧੀਨ ਕਮਿਊਨਿਟੀ ਹਾਲ ਦੀ ਉਸਾਰੀ ਵਾਸਤੇ ਵਿਸ਼ੇਸ਼ ਉਪਰਾਲਾ ਕਰਦੇ ਹੋਏ ਕਾਂਗਰਸ ਪਾਰਟੀ ਦੇ ਐੱਸ.ਸੀ ਵਿੰਗ ਦੇ ਜ਼ਿਲ੍ਹਾ ਵਾਈਸ ਚੇਅਰਮੈਨ ਅਰਵਿੰਦ ਢਾਂਡਾ ਵਲੋਂ ਕਮਿਊਨਿਟੀ ਹਾਲ ਦੇ ਪੈ ਰਹੇ ਲੈਂਟਰ ਲਈ ਸਰੀਏ ਦੀ ਸੇਵਾ ਹਲਕਾ ਇੰਚਾਰਜ ਕਰਤਾਰਪੁਰ ਕਾਂਗਰਸ ਰਾਜਿੰਦਰ ਸਿੰਘ ਪਾਸੋਂ ਕਰਵਾਉਂਦੇ ਹੋਏ ਕੀਤਾ ਗਿਆ ਇਸ ਮੌਕੇ ਮੰਦਰ ਪ੍ਰਤੀ ਹਲਕਾ ਇੰਚਾਰਜ ਵਲੋਂ ਕੀਤੀ ਗਈ ਸੇਵਾ 'ਤੇ ਲਗਾਤਾਰ ਕੀਤੇ ਜਾ ਰਹੇ ਸਹਿਯੋਗ ਪ੍ਰਤੀ ਧੰਨਵਾਦ ਕਰਦੇ ਹੋਏ ਮੰਦਰ ਕਮੇਟੀ ਦੇ ਪ੍ਰਧਾਨ ਨਰਿੰਦਰ ਪਾਲ,ਚੇਅਰਮੈਨ ਢਾਂਡਾ,ਜਨਰਲ ਸਕੱਤਰ ਰਾਜੀਵ ਢਾਂਡਾ,ਰਾਮ ਆਸਰਾ ਬੈਂਸ,ਪ੍ਰਵੀਨ ਪੀਨਾ,ਰਾਜੇਸ਼ ਬੈਂਸ,ਕਾਕਾ ਬੈਂਸ,ਰਿਕੀ ਅਤੇ ਨੇ ਆਖਿਆ ਕਿ ਰਾਜਿੰਦਰ ਸਿੰਘ ਵਲੋਂ ਪਹਿਲਾਂ ਵੀ ਸ੍ਰੀ ਗੁਰੂ ਰਵਿਦਾਸ ਮੰਦਰ 'ਚ ਉਸਾਰੇ ਜਾ ਰਹੇ ਮੁਹੱਲਾ ਹਿੱਤ ਕਮਿਊਨਿਟੀ ਹਾਲ ਦੀ ਉਸਾਰੀ ਲਈ 600 ਬੋਰਾ ਸੀਮਿੰਟ ਦਾ, 1 ਟਿੱਪਰ ਰੇਤਾ ਅਤੇ 5000 ਇੱਟਾਂ ਦੀ ਸੇਵਾ ਕੀਤੀ ਜਾ ਚੁੱਕੀ ਹੈ ਅਤੇ ਅੱਜ ਵੀ ਉਨ੍ਹਾਂ ਵਲੋਂ ਸਹਿਯੋਗ ਜਾਰੀ ਹੈ।



ਹਲਕਾ ਇੰਚਾਰਦ ਵਲੋਂ ਕੀਤੇ ਸਹਿਯੋਗ 'ਤੇ ਧੰਨਵਾਦ ਕਰਦੇ ਹੋਏ ਮੰਦਰ ਕਮੇਟੀ ਦੇ ਪਤਵੰਤਿਆਂ ਨਾਲ ਚੇਅਰਮੈਨ ਢਾਂਡਾ। ਤਸਵੀਰ : ਜਨਕ ਰਾਜ ਗਿੱਲ



ਡਾ. ਗੁਰਚਰਨ ਸਿੰਘ, ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ। ਤਸਵੀਰ : ਗੁਰਵਿੰਦਰ ਸਿੰਘ

## ਗੰਨੇ ਦੀ ਫ਼ਸਲ ਸੰਬੰਧੀ ਕਿਸਾਨਾਂ ਨੂੰ 2 ਦਿਨਾ ਟ੍ਰੇਨਿੰਗ ਦਿੱਤੀ

ਨਕੋਦਰ, 27 ਨਵੰਬਰ (ਗੁਰਵਿੰਦਰ ਸਿੰਘ)-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਗੰਨਾ ਸ਼ਾਖਾ ਵਲੋਂ ਉੱਨਤ ਕ੍ਰਿਸ਼ੀ ਯੋਜਨਾ ਤਹਿਤ ਸਹਿਕਾਰੀ ਖੰਡ ਮਿੱਲ ਨਕੋਦਰ ਵਿਖੇ ਡਾ. ਮਨਧੀਰ ਸਿੰਘ ਪ੍ਰਾਜੈਕਟ ਅਫ਼ਸਰ ਦੀ ਅਗਵਾਈ ਹੇਠ 2 ਰੋਜ਼ਾ ਗੰਨੇ ਦੀ ਫ਼ਸਲ ਸੰਬੰਧੀ ਕਿਸਾਨ ਜਾਗਰੂਕਤਾ ਕੈਂਪ/ਟ੍ਰੇਨਿੰਗ ਲਗਾਈ ਗਈ । ਟ੍ਰੇਨਿੰਗ ਦੌਰਾਨ ਸਹਾਇਕ ਗੰਨਾ ਵਿਕਾਸ ਅਫ਼ਸਰ ਡਾ. ਗੁਰਚਰਨ ਸਿੰਘ, ਪ੍ਰਿੰਸੀਪਲ ਸਾਇੰਸਟਿਸਟ ਕਿਸਾਨ ਸਲਾਹਕਾਰ ਕੇਂਦਰ ਜਲੋਵਾਲ ਡਾ. ਮਨਿੰਦਰ ਸਿੰਘ, ਕੀਟ ਵਿਗਿਆਨੀ ਡਾ. ਯੁਵਰਾਜ ਸਿੰਘ, ਫ਼ਸਲ ਵਿਗਿਆਨੀ, ਗੰਨਾ ਖੋਜ ਕੇਂਦਰ ਕਪੂਰਥਲਾ ਡਾ. ਰਾਜਿੰਦਰ ਪਾਲ ਨੇ ਗੰਨੇ ਦੀਆਂ ਕਾਸ਼ਤਕਾਰੀ ਤਕਨੀਕਾਂ, ਕੀੜੇ-ਮਕੌੜਿਆਂ ਦੀ ਰੋਕਥਾਮ, ਰੋਗ ਪ੍ਰਬੰਧਨ, ਗੰਨੇ ਦੀ ਅੰਤਰ-ਫ਼ਸਲੀ ਅਤੇ ਕਿਸਾਨਾਂ ਦੀ ਭਲਾਈ ਸਬੰਧੀ ਵੱਖ-ਵੱਖ ਸਰਕਾਰੀ ਸਕੀਮਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਗੁਰਚਰਨ ਸਿੰਘ ਨੇ ਕਿਹਾ ਕਿ ਕ੍ਰਿਸ਼ੀ ਉੱਨਤ ਯੋਜਨਾ ਤਹਿਤ ਨੈਸ਼ਨਲ ਫੂਡ ਸਕਿਓਰਟੀ ਅਤੇ ਪੋਸ਼ਣ ਮਿਸ਼ਨ ਅਧੀਨ ਪੰਜਾਬ ਸਰਕਾਰ ਵਲੋਂ ਗੰਨੇ ਦੀ ਪ੍ਰਤੀ ਹੈਕਟੇਅਰ ਪੈਦਾਵਾਰ ਵਧਾ ਕੇ ਪੰਜਾਬ ਵਿੱਚ ਗੰਨੇ ਦੀ ਫ਼ਸਲ ਵਿਚ ਅੰਤਰ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਪ੍ਰਦਰਸ਼ਨੀ ਪਲਾਟ ਲਗਾਏ ਜਾ ਰਹੇ ਹਨ ਤਾਂ ਜੋ ਗੰਨਾ ਕਾਸ਼ਤਕਾਰਾਂ ਦੀ ਆਰਥਿਕਤਾ ਮਜ਼ਬੂਤ ਕੀਤੀ ਜਾ ਸਕੇ। ਇਸ ਸਕੀਮ ਤਹਿਤ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਗੰਨਾ ਸ਼ਾਖਾ ਵਲੋਂ ਕਿਸਾਨਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ।

ਇਸ ਮੌਕੇ ਡਾ. ਰਜਿੰਦਰ ਪਾਲ, ਖੇਤੀਬਾੜੀ ਅਫ਼ਸਰ (ਟ੍ਰੇਨਿੰਗ) ਡਾ. ਪ੍ਰਵੀਨ ਕੁਮਾਰੀ ਨੇ ਵੀ ਸੰਬੋਧਨ ਕੀਤਾ । ਜਨਰਲ ਮੈਨੇਜਰ ਖੰਡ ਮਿੱਲ ਨਕੋਦਰ ਸੁਖਵਿੰਦਰ ਸਿੰਘ ਤੂੜ ਨੇ ਕਿਸਾਨਾਂ ਨੂੰ ਦੱਸਿਆ ਕਿ ਮਿੱਲ 'ਚ ਗੰਨੇ ਦੀ ਪਿੜਾਈ 28 ਨਵੰਬਰ ਤੋਂ ਕੀਤੀ ਜਾ ਰਹੀ ਹੈ। ਸੀ.ਸੀ.ਡੀ.ਓ. ਏਕਮ ਸਿੰਘ ਸਿੱਧੂ ਨੇ ਅੰਤ ਵਿੱਚ 2 ਦਿਨਾ ਟ੍ਰੇਨਿੰਗ 'ਚ ਅਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ।